# ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।


ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਪੰਜਵੀ ਮੰਜਿਲ, ਬਲਾਕ-ਈ, ਫੇਜ਼-8, ਅਜੀਤਗੜ੍ਹ (ਮੋਹਾਲੀ)

ਫੋਨ ਨੰ: 0172-5212345 ਫੈਕਸ ਨ: 0172-5212369, 5212370

ਈ-ਮੇਲ:civilssa@gmail.com Website: ssapunjab.org


---

**ਵੱਲ**

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਪੀ.ਟੀ.ਏ/ਐਸ.ਐਮ.ਸੀ ਕਮੇਟੀਆਂ,ਪੰਜਾਬ

**ਮੀਮੋ ਨੰ: ਸਸਅ/ਸਿਵਲ ਵਰਕਸ/2016/** 11595-96
**ਮਿਤੀ, ਅਜੀਤਗੜ੍ਹ:** 05-08-16

**ਵਿਸ਼ਾ :-** **ਸਕੂਲਾਂ ਵਿੱਚ ਟੁਆਇਲਟਸ ਦੀ ਮੇਨਟੀਨੈਂਸ ਅਤੇ ਵਾਟਰ ਸਪਲਾਈ ਦੀ ਸੁਵਿਧਾ ਪ੍ਰਦਾਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ 25ਵੀਂ ਸਰਵ ਸਿੱਖਿਆ ਅਭਿਆਨ ਦੀ ਕਾਰਜਕਾਰੀ ਕਮੇਟੀ ਵਿਚ ਸਕੱਤਰ ਦਿਹਾਤੀ ਵਿਕਾਸ ਜੀ ਵੱਲੋਂ ਕੁੱਝ ਕੰਮਾਂ ਨੂੰ 14th ਫਾਇਨਾਂਸ ਕਮਿਸ਼ਨ ਦੀਆਂ ਗ੍ਰਾਂਟਾਂ ਅਧੀਨ ਕਰਨ ਸਬੰਧੀ ਦੱਸਿਆ ਗਿਆ ਸੀ।

3.0 ਉਪਰੋਕਤ ਸਬੰਧੀ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਗ੍ਰਾਮ ਪੰਚਾਇਤਾਂ ਨੂੰ ਚੌਦਵੇਂ ਫਾਇਨਾਂਸ ਕਮਿਸ਼ਨ ਦੀਆਂ ਗ੍ਰਾਂਟਾ ਪ੍ਰਾਪਤ ਹੋਈਆਂ ਹਨ। ਗ੍ਰਾਮ ਪੰਚਾਇਤ ਵੱਲੋਂ ਪਿੰਡ ਪੱਧਰ ਦਾ ਡਿਵੈਲਪਮੈਂਟ ਪਲਾਨ ਤਿਆਰ ਕੀਤਾ ਜਾ ਰਿਹਾ ਹੈ।ਇਸ ਪਲਾਨ ਲਈ ਸਕੂਲ ਮੁੱਖੀਆਂ ਵੱਲੋਂ ਸਕੂਲਾਂ ਵਿਚ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਦੀ ਸੁਵਿਧਾ ਮਹੁੱਈਆਂ ਕਰਵਾਉਦ ਲਈ ਸਬੰਧਤ ਸਕੂਲ ਦੀਆਂ ਪੀ.ਟੀ.ਏ/ਐਸ.ਐਮ.ਸੀ ਕਮੇਟੀਆਂ ਦੀਆਂ ਗ੍ਰਾਮ ਪੰਚਾਇਤਾਂ ਨਾਲ ਮੀਟਿੰਗਾਂ ਕੀਤੀਆਂ/ਕਰਵਾਈਆਂ ਜਾਣ ਅਤੇ ਉਹਨਾਂ ਨੂੰ ਸਕੂਲਾਂ ਵਿੱਚ ਟੁਆਇਲਟਸ/ਪੀਣ ਵਾਲੇ ਪਾਣੀ/ਬੱਚਿਆਂ ਦੇ ਹੱਥ ਧੋਣ ਦੀ ਸੁਵਿਧਾ ਦੇਣ ਅਤੇ ਸਕੂਲ ਵਿਚ ਪੈਦਾ ਹੋ ਰਹੇ ਤਰਲ ਅਤੇ ਸਾਲਿਡ ਵੇਸਟ ਨੂੰ ਸਹੀ ਢੰਗ ਨਾਲ ਪ੍ਰੋਸੈਸ ਕਰਨ ਲਈ ਗ੍ਰਾਮ ਪੰਚਾਇਤ ਵੱਲੋਂ ਬਣਾਏ ਜਾ ਰਹੇ Gram Panchayat Development Plan ਵਿਚ ਇਹਨਾਂ ਸਕੂਲਾਂ ਦੀਆਂ ਲੋੜਾਂ ਨੂੰ ਸ਼ਾਮਿਲ ਕਰਨ ਬਾਰੇ ਬੇਨਤੀ ਕੀਤੀ ਜਾਵੇ।

3.0 ਉਕੱਤ ਪਲਾਨ ਸਬੰਧੀ ਸਕੂਲ ਮੁੱਖੀ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ ਕਿ ਉਹ ਆਪਣੇ ਸਕੂਲ ਦੀ ਪੀ.ਟੀ.ਏ/ਐਸ.ਐਮ.ਸੀ ਕਮੇਟੀਆਂ ਦੀਆਂ ਗ੍ਰਾਮ ਪੰਚਾਇਤਾਂ ਨਾਲ ਮੀਟਿੰਗਾਂ ਕਰਵਾਏ ਅਤੇ ਉਹਨਾਂ ਨੂੰ ਆਪਣੇ ਸਕੂਲਾਂ ਵਿੱਚ ਜੋ ਟੁਆਇਲਟਸ ਦੀ ਮੇਨਟੀਨੈਂਸ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਸਬੰਧੀ ਲੋੜ ਹੈ ਉਸ ਦੀ ਪ੍ਰਪੋਜ਼ਲ ਨੂੰ ਗ੍ਰਾਮ ਪੰਚਾਇਤ ਵੱਲੋਂ ਬਣਾਏ ਜਾ ਰਹੇ Gram Panchayat Development Plan ਵਿੱਚ ਸ਼ਾਮਿਲ ਕਰਵਾਇਆ ਜਾਵੇ।

**ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**

**ਪਿੱਠ ਅੰਕਣ ਨੰ: ਸਸਅ/ਸਿਵਲ ਵਰਕਸ/2016/** **ਮਿਤੀ:** 05/08/2016

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ,ਪੰਜਾਬ।
2. ਸਕੱਤਰ ਰੂਰਲ ਵਾਟਰ ਐਂਡ ਸੈਨੀਟੇਸ਼ਨ ਵਿਭਾਗ,ਪੰਜਾਬ।

**ਵਧੀਕ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**